# ਸ਼ੁਰੂਆਤ ਕਰਨੀ




1. ਆਪਣੇ EZ-ELD ਉਪਕਰਨ ਨੂੰ ਬਾਕਸ ਤੋਂ ਬਾਹਰ ਕੱਢੋ

   ਜੇ ਤੁਹਾਡਾ ਆਨ ਬੋਰਡ ਡਾਇਗਨੌਸਟਿਕ ਪੋਰਟ 9-ਪਿੰਨ ਹੈ ਤਾਂ ਉਪਕਰਨ ਪੋਰਟ ਵਿੱਚ ਲਗਾਏ ਜਾਣ ਲਈ ਤਿਆਰ ਹੈ। ਵਰਤੋਂਕਾਰ ਦੇ ਮੈਨੂਅਲ ਵਿੱਚ 'Installation Instructions (ਸਥਾਪਨਾ ਹਦਾਇਤਾਂ)' ਦੇਖੋ।

   ਜੇ ਤੁਹਾਡੇ ਕੋਲ 6-ਪਿੰਨ ਜਾਂ OBDII ਪੋਰਟ ਹੈ, ਤਾਂ ਵਰਤੋਂਕਾਰ ਮੈਨੂਅਲ ਵਿੱਚ 'Changing a Connector (ਕਨੈਕਟਰ ਬਦਲਣਾ)' ਬਾਰੇ ਹਦਾਇਤਾਂ ਦੀ ਪਾਲਣਾ ਕਰੋ। ਫੇਰ 'Installation Instructions (ਸਥਾਪਨਾ ਹਦਾਇਤਾਂ)' ਦੀ ਪਾਲਣਾ ਕਰੋ।

2. Android ਉਪਕਰਨਾਂ ਲਈ Google Play ਸਟੋਰ ਤੋਂ ਜਾਂ Apple ਉਪਕਰਨਾਂ ਲਈ App Store ਤੋਂ EZ-ELD ਐਪ ਡਾਊਨਲੋਡ ਕਰੋ।

3. ਆਪਣੇ ਫ਼ੋਨ ਦੀ EZ-ELD ਉਪਕਰਨ ਨਾਲ ਜੋੜੀ ਬਣਾਓ। ਇਹ ਕਿਵੇਂ ਕਰਨਾ ਹੈ ਇਸ ਬਾਰੇ ਪੂਰੀਆਂ ਹਦਾਇਤਾਂ ਲਈ ਵਰਤੋਂਕਾਰ ਦੇ ਮੈਨੂਅਲ ਵਿੱਚ 'EZ-ELD ਨਾਲ ਆਪਣੇ ਸਮਾਰਟਫ਼ੋਨ ਜਾਂ ਟੈਬਲੇਟ ਦੀ ਕਿਵੇਂ ਜੋੜੀ ਬਣਾਉਣੀ ਹੈ' ਦੇਖੋ।

4. ਤੁਹਾਨੂੰ ਬੈਕ ਆਫ਼ਿਸ ਸਾਫ਼ਟਵੇਅਰ ਲਈ ਇੰਚਾਰਜ ਵਿਅਕਤੀ, ਜਿਵੇਂ ਕਿ ਤੁਹਾਡੇ ਫਲੀਟ ਮੈਨੇਜਰ, ਵੱਲੋਂ EZ-ELD ਐਪ ਵਿੱਚ ਸ਼ਾਮਲ ਹੋਣ ਲਈ ਈਮੇਲ ਰਾਹੀਂ ਸੱਦਾ ਦਿੱਤਾ ਗਿਆ ਹੋਵੇਗਾ। ਐਪ ਤੱਕ ਪਹੁੰਚ ਕਰਨ ਲਈ ਤੁਹਾਨੂੰ ਲੌਗ-ਇਨ ਬਣਾਉਣ ਦੀ ਲੋੜ ਹੋਵੇਗੀ। ਤੁਹਾਨੂੰ ਅਜਿਹਾ ਕਰਨ ਲਈ ਆਪਣੀ ਸੱਦੇ ਵਾਲੀ ਈਮੇਲ ਦੀ ਲੋੜ ਹੋਵੇਗੀ। ਵਰਤੋਂਕਾਰ ਮੈਨੂਅਲ ਵਿੱਚ 'ਪਹਿਲੀ ਵਾਰੀ EZ-ELD ਐਪ ਦੀ ਵਰਤੋਂ ਕਰਨੀ' ਦੀ ਪਾਲਣਾ ਕਰੋ।

   ਹੁਣ ਤੁਸੀਂ ਆਪਣੀਆਂ ਡ੍ਰਾਈਵਰ ਲੌਗਾਂ ਦਾ ਪ੍ਰਬੰਧਨ ਕਰਨ ਲਈ ਲੌਗ ਇਨ ਕਰਨ ਅਤੇ ਆਪਣੀ EZ-ELD ਐਪ ਵਰਤਣ, HOS ਉਲੰਘਣਾਵਾਂ ਦੇਖਣ ਅਤੇ ਕਿਸੇ ਵੀ ਸੜਕ ਲਾਗਲੀਆਂ DOT ਪੜਤਾਲਾਂ 'ਤੇ ਪ੍ਰਤਿਕਿਰਿਆ ਕਰਨ ਲਈ ਤਿਆਰ ਹੋ।

   ਆਪਣੀ EZ-ELD ਐਪ ਦੀ ਵਰਤੋਂ ਕਰਨ ਬਾਰੇ ਪੂਰੀ ਜਾਣਕਾਰੀ ਲਈ ਕਿਰਪਾ ਕਰਕੇ ਵਰਤੋਂਕਾਰ ਦਾ ਮੈਨੂਅਲ ਦੇਖੋ।

# ਸਕੈਨ ਅਤੇ ਡ੍ਰਾਈਵ™

ਇਹ ਸਟੋਨਰਿੱਜ EZ-ELD® ਦੀ ਵਿਲੱਖਣ ਵਿਸ਼ੇਸ਼ਤਾ ਹੈ ਜਿਸ ਨਾਲ ਸ਼ੁਰੂਆਤੀ ਸੈੱਟ-ਅੱਪ ਤੋਂ ਬਾਅਦ, ਹਰ ਵਾਰੀ ਜਦ ਤੁਸੀਂ ਆਪਣੀ ਕੈਬ ਵਿੱਚ ਜਾਂਦੇ ਹੋ, ਤੁਸੀਂ ਇੱਕ ਅਸਾਨ ਕਦਮ ਨਾਲ ਆਪਣੇ EZ-ELD ਉਪਕਰਨ ਨਾਲ ਜੋੜੀ ਬਣਾ ਸਕਦੇ ਹੋ ਅਤੇ ਕਨੈਕਟ ਕਰ ਸਕਦੇ ਹੋ।

ਤੁਹਾਡੇ EZ-ELD ਬਾਕਸ ਵਿੱਚ ਤੁਹਾਡੇ ਡੈਸ਼ਬੋਰਡ ਉੱਤੇ ਲਗਾਉਣ ਲਈ ਤੁਹਾਡੇ ਕੋਲ ਇੱਕ QR ਕੋਡ ਸਟਿੱਕਰ ਹੋਵੇਗਾ। ਤੁਹਾਡੇ ਫ਼ੋਨ ਅਤੇ EZ-ELD ਉਪਕਰਨ ਦੀ ਜੋੜੀ ਬਣਾਉਣ ਲਈ ਤੁਹਾਨੂੰ ਬਸ ਇਹ ਕਰਨ ਦੀ ਲੋੜ ਹੈ ਕਿ ਤੁਸੀਂ EZ-ELD ਐਪ ਅੰਦਰ QR ਕੋਡ ਰੀਡਰ ਦੀ ਵਰਤੋਂ ਕਰਦੇ ਹੋਏ QR ਕੋਡ ਸਟਿੱਕਰ ਨੂੰ ਸਕੈਨ ਕਰੋ। ਆਪਣੇ ਫ਼ੋਨ ਦੀ EZ-ELD ਉਪਕਰਨ ਨਾਲ ਪਹਿਲੀ ਵਾਰੀ ਜੋੜੀ ਬਣਾਉਣ ਲਈ ਵਰਤੋਂਕਾਰ ਦੇ ਮੈਨੂਅਲ ਵਿੱਚ 'QR ਕੋਡ ਦੀ ਵਰਤੋਂ ਨਾਲ ਪਹਿਲੀ ਵਾਰੀ ਜੋੜੀ ਬਣਾਉਣੀ' ਦੇਖੋ।

ਸਕੈਨ ਅਤੇ ਡ੍ਰਾਈਵ™ ਵਿਸ਼ੇਸ਼ਤਾ ਬਾਰੇ ਪੂਰੀਆਂ ਹਦਾਇਤਾਂ ਦੇਖਣ ਲਈ ਵਰਤੋਂਕਾਰ ਦੇ ਮੈਨੂਅਲ ਵਿੱਚ 'ਸਕੈਨ ਅਤੇ ਡ੍ਰਾਈਵ™ ਨੂੰ ਕਿਵੇਂ ਵਰਤਣਾ ਹੈ' ਦੇਖੋ।

# ਖ਼ਰਾਬੀਆਂ

ਜੇ EZ-ELD ਉਪਕਰਨ ਸਿਸਟਮ ਵਿੱਚ ਖ਼ਰਾਬੀ ਦਾ ਪਤਾ ਲਗਾਉਂਦਾ ਹੈ ਤਾਂ ਤੁਹਾਡੇ EZ-ELD ਉਪਕਰਨ ਉੱਤੇ LED ਲਾਈਟ 4 ਵਾਰ ਲਾਲ ਝਿਲਮਿਲਾਏਗੀ ਅਤੇ ਆਵਾਜ਼ ਕਰੇਗੀ। ਐਪ ਦੀ ਮੁੱਖ ਸਕ੍ਰੀਨ ਵਿੱਚ Malfunction (ਖ਼ਰਾਬੀ) ਸਿਰਲੇਖ ਹੇਠ 'No Error Found (ਕੋਈ ਗਲਤੀ ਨਹੀਂ ਲੱਭੀ)' ਸੰਦੇਸ਼ 'Error Detail (ਗਲਤੀ ਦਾ ਵੇਰਵਾ)' ਵਿੱਚ ਬਦਲ ਜਾਵੇਗਾ ਅਤੇ ਲਾਲ ਰੰਗ ਵਿੱਚ ਉਭਾਰੇਗਾ। 'Error Detail ਗਲਤੀ ਦਾ ਵੇਰਵਾ' ਉੱਤੇ ਟੈਪ ਕਰਕੇ ਤੁਸੀਂ ਲੱਭੀਆਂ ਘਟਨਾਵਾਂ ਜਾਂ ਬੇਮੇਲਤਾਵਾਂ ਦੇਖੋਗੇ।

ਵੱਖ-ਵੱਖ ਤਰੁੱਟੀ ਕੋਡਾਂ, ਜਿਨ੍ਹਾਂ ਦਾ ਤੁਸੀਂ ਸਾਹਮਣਾ ਕਰ ਸਕਦੇ ਹੋ, ਅਤੇ ਉਹ ਕਾਰਵਾਈਆਂ, ਜੋ ਤੁਹਾਨੂੰ ਕਰਨੀਆਂ ਚਾਹੀਦੀਆਂ ਹਨ, ਦੀ ਸੂਚੀ ਲਈ ਵਰਤੋਂਕਾਰ ਦੇ ਮੈਨੂਅਲ ਵਿੱਚ 'ਖ਼ਰਾਬੀ ਅਤੇ ਡਾਇਗਨੋਸਿਜ਼' ਭਾਗ ਦੇਖੋ।

ਇਸ ਭਾਗ ਵਿੱਚ ਤੁਸੀਂ ਖ਼ਰਾਬੀਆਂ ਅਤੇ ਡੇਟਾ ਡਾਇਗਨੌਸਟਿਕ ਘਟਨਾਵਾਂ ਸਬੰਧੀ ਵਿਧਾਨਕ ਜ਼ਰੂਰਤਾਂ ਦੇ ਵੀ ਵੇਰਵੇ ਦੇਖੋਗੇ।

# ਸੜਕ ਲਾਗਲੀਆਂ ਜਾਂਚ-ਪੜਤਾਲਾਂ

EZ-ELD ਦੀ ਇੱਕ-ਕਦਮ ਵਾਲੀ ਮਿਆਰੀ ਪ੍ਰਕਰਿਆ ਹੈ ਤਾਂ ਜੋ ਤੁਸੀਂ ਸੜਕ ਲਾਗੇ ਜਾਂਚ ਦੌਰਾਨ ਅਧਿਕਾਰਤ ਅਧਿਕਾਰੀਆਂ ਨੂੰ ਤੁਰੰਤ ਡ੍ਰਾਈਵਰ ਦੇ ਰਿਕਾਰਡ ਭੇਜ ਸਕੋ।

1. ਅਜਿਹਾ ਕਰਨ ਲਈ ਇਨ੍ਹਾਂ ਵਿੱਚੋਂ ਕੋਈ ਇੱਕ ਕਰੋ:
   a. ਮੁੱਖ ਸਕ੍ਰੀਨ ਦੇ ਸੱਜੇ ਕੋਨੇ ਦੇ ਸਭ ਤੋਂ ਉੱਪਰ ਆਇਕਨ 'ਤੇ ਟੈਪ ਕਰੋ
   b. ਖੱਬੇ ਹੱਥ ਦੇ ਮੈਨਿਊ ਤੋਂ "DOT Inspection (DOT ਜਾਂਚ)" 'ਤੇ ਟੈਪ ਕਰੋ, ਜਾਂ
   c. ਲੌਗਜ਼ ਸਕ੍ਰੀਨ ਵਿੱਚ, ਆਇਕਨ ਉੱਤੇ ਟੈਪ ਕਰੋ।
2. ON SCREEN, EMAIL, ਜਾਂ WEBSERVICE ਤੋਂ ਤੁਹਾਨੂੰ ਜਿਹੜੇ ਵਿਕਲਪ ਦੀ ਲੋੜ ਹੈ ਉਹ ਚੁਣੋ, ਅਤੇ ਡੇਟਾ ਤਬਦੀਲ ਕਰਨ ਦੀ ਸ਼ੁਰੂਆਤ ਕਰਨ ਲਈ ਉਸ ਬਟਨ ਨੂੰ ਦਬਾਓ।
3. ਜੇ ਅਧਿਕਾਰਤ ਸੁਰੱਖਿਆ ਅਧਿਕਾਰੀ ਜਾਂਚ ਦੌਰਾਨ ਅਹਿਮ ਵਾਕ ਜਾਂ ਕੋਡ ਮੁਹੱਈਆ ਕਰਦੇ ਹਨ ਤਾਂ ਇਸ ਨੂੰ ELD ਰਿਕਾਰਡ ਵਿੱਚ ਇੱਕ ਟਿੱਪਣੀ ਵਜੋਂ ਸ਼ਾਮਲ ਕਰਨਾ ਚਾਹੀਦਾ ਹੈ। ਜਦੋਂ ਤੁਸੀਂ SEND TO EMAIL ਜਾਂ SEND TO WEBSERVICE ਦੀ ਚੋਣ ਕਰਦੇ ਹੋ ਤਾਂ EZ-ELD ਤੁਹਾਨੂੰ ਆਉਟ-ਪੁੱਟ ਫਾਇਲ ਵਿੱਚ ਟਿੱਪਣੀ ਦਰਜ ਕਰਨ ਦੇਵੇਗਾ।
4. ਫਾਇਲਾਂ ਭੇਜਣ ਲਈ SEND 'ਤੇ ਟੈਪ ਕਰੋ।

ਕਿਰਪਾ ਕਰਕੇ ਇਹ ਧਿਆਨ ਦਿਓ ਕਿ ਜਦੋਂ ਤੁਸੀਂ ਐਪ ਉੱਤੇ SEND ਨੂੰ ਦਬਾਉਂਦੇ ਹੋ, ਤਾਂ ਕਮਾਂਡ EZ-ELD ਬੈਕ ਆਫ਼ਿਸ ਸਾਫ਼ਟਵੇਅਰ ਨੂੰ ਭੇਜੀ ਜਾਂਦੀ ਹੈ ਅਤੇ ਫੇਰ ਆਪਣੇ ਆਪ ਲੋੜੀਂਦਾ ਡੇਟਾ FMCSA ਨੂੰ ਭੇਜਦੀ ਹੈ।

ਇਸ ਤੋਂ ਇਲਾਵਾ, ਤੁਸੀਂ EZ-ELD ਬੈਕ ਆਫ਼ਿਸ ਸਾਫ਼ਟਵੇਅਰ 'ਤੇ 'Data Transfer (ਡੇਟਾ ਤਬਦੀਲ ਕਰਨਾ)' ਸਫ਼ੇ ਵਿੱਚ ਈਮੇਲ ਪਤੇ ਦੇ ਵੇਰਵੇ ਦਰਜ ਕਰਕੇ ਆਪਣੀ ਚੋਣ ਵਾਲੇ ਕਿਸੇ ਹੋਰ ਈਮੇਲ ਪਤੇ ਨੂੰ ਵੀ ਇਹ ਡੇਟਾ ਭੇਜ ਸਕਦੇ ਹੋ।

ਤੁਸੀਂ ਅੱਗੇ ਦਿੱਤੇ ਤਰੀਕਿਆਂ ਰਾਹੀਂ ਅਧਿਕਾਰਤ ਸੁਰੱਖਿਆ ਅਧਿਕਾਰੀ ਕੋਲ ਡੇਟਾ ਤਬਦੀਲ ਕਰ ਸਕਦੇ ਹੋ: EMAIL ਰਾਹੀਂ, ON SCREEN ਦਿਖਾ ਕੇ ਜਾਂ WEBSERVICE ਨੂੰ ਭੇਜ ਕੇ।

ਮੁਕੰਮਲ ਹਦਾਇਤਾਂ ਲਈ, ਜਿਸ ਵਿੱਚ ਐਪ ਸਕ੍ਰੀਨਸ਼ਾਟ, ਸੜਕ ਲਾਗੇ ਜਾਂਚ ਦੌਰਾਨ ਅਧਿਕਾਰ ਪ੍ਰਾਪਤ ਅਧਿਕਾਰੀਆਂ ਨੂੰ ਰਿਕਾਰਡ ਭੇਜਣ ਦਾ ਤਰੀਕਾ ਸ਼ਾਮਲ ਹੈ, ਵਰਤੋਂਕਾਰ ਦੇ ਮੈਨੂਅਲ ਵਿੱਚ 'DOT ਦੀ ਸੜਕ ਲਾਗੇ ਜਾਂਚ' ਦੇਖੋ।

# ELD ਕਾਨੂੰਨ ਦੀਆਂ ਯਾਦ-ਦਹਾਨੀਆਂ

## ਤੁਹਾਨੂੰ ELD ਕਾਨੂੰਨ ਮੁਤਾਬਕ ਬਣਾਏ ਰੱਖਣ ਲਈ ਮਦਦ ਲਈ ਇੱਥੇ ਕੁਝ ਯਾਦ-ਦਹਾਨੀਆਂ ਦਿੱਤੀਆਂ ਗਈਆਂ ਹਨ।

- ਆਪਣੇ ਸਹਾਇਕ ਦਸਤਾਵੇਜ਼ ਮੁਹੱਈਆ ਕਰਵਾਉਣਾ ਯਾਦ ਰੱਖੋ (ਜ਼ਿਆਦਾ ਜਾਣਕਾਰੀ ਲੈਣ ਲਈ ਇਹ ਦੇਖੋ - ਡ੍ਰਾਈਵਰਾਂ ਦੇ ਸੇਵਾ ਦੇ ਘੰਟੇ: §395.11 ਸਹਾਇਕ ਦਸਤਾਵੇਜ਼)

- ਇਹ ਯਕੀਨੀ ਬਣਾਓ ਕਿ ਕਮਰਸ਼ੀਅਲ ਮੋਟਰ ਵਾਹਨ ਨੂੰ ਚਲਾਉਣ ਦੌਰਾਨ ELD ਨੂੰ ਇੱਕ ਸਥਿਰ ਜਗ੍ਹਾ 'ਤੇ ਮੜ੍ਹਿਆ ਜਾਂਦਾ ਹੈ ਅਤੇ ਉਸ ਸਮੇਂ ਡ੍ਰਾਈਵਰ ਨੂੰ ਦਿਖਾਈ ਦਿੰਦਾ ਹੈ ਜਦੋਂ ਡ੍ਰਾਈਵਰ ਡ੍ਰਾਈਵਿੰਗ ਕਰਨ ਵਾਲੀ ਆਮ ਸਥਿਤੀ ਵਿੱਚ ਬੈਠਾ ਹੁੰਦਾ ਹੈ (ਜ਼ਿਆਦਾ ਜਾਣਕਾਰੀ ਲੈਣ ਲਈ ਇਹ ਦੇਖੋ - ਡ੍ਰਾਈਵਰਾਂ ਦੇ ਸੇਵਾ ਦੇ ਘੰਟੇ: §395.22 ਮੋਟਰ ਕੈਰੀਅਰ ਦੀਆਂ ਜ਼ਿੰਮੇਵਾਰੀਆਂ—ਸਧਾਰਨ ਤੌਰ 'ਤੇ)

- ELD ਦੇ ਨਿਰਦੇਸ਼ ਮੁਤਾਬਕ ਅਤੇ ਮੋਟਰ ਕੈਰੀਅਰ ਵੱਲੋਂ ਲੋੜੀਂਦੀ ਉਹ ਜਾਣਕਾਰੀ ਮੁਹੱਈਆ ਕਰੋ ਜਿਸ ਦੀ ELD ਨੂੰ ਜ਼ਰੂਰਤ ਹੈ (ਜ਼ਿਆਦਾ ਜਾਣਕਾਰੀ ਲੈਣ ਲਈ ਇਹ ਦੇਖੋ - ਡ੍ਰਾਈਵਰਾਂ ਦੇ ਸੇਵਾ ਦੇ ਘੰਟੇ: §395.24 ਡ੍ਰਾਈਵਰ ਦੀਆਂ ਜ਼ਿੰਮੇਵਾਰੀਆਂ - ਸਧਾਰਨ ਤੌਰ 'ਤੇ)

## ਇਸ ਵਿੱਚ ਹੇਠਾਂ ਲਿਖੀਆਂ ਗੱਲਾਂ ਸ਼ਾਮਲ ਹਨ, ਪਰ ਇਹ ਇਹਨਾਂ ਤਕ ਹੀ ਸੀਮਤਿ ਨਹੀਂ ਹੈ:

- ਡ੍ਰਾਈਵਰ ਨੂੰ ELD 'ਤੇ ਉਪਲਬਧ ਅੱਗੇ ਦਿੱਤੀਆਂ ਸ਼੍ਰੇਣੀਆਂ ਵਿੱਚੋਂ ਚੋਣ ਕਰਕੇ ਡ੍ਰਾਈਵਰ ਦਾ ਡਿਊਟੀ ਸਟੇਟਸ ਜ਼ਰੂਰ ਦਾਖਲ ਕਰਨਾ ਚਾਹੀਦਾ ਹੈ:
  - "Off duty" ਜਾਂ "OFF"
  - "Sleeper berth" ਜਾਂ "SB", ਨੂੰ ਸਿਰਫ ਉਸ ਸਮੇਂ ਹੀ ਵਰਤਿਆ ਜਾਵੇ ਜੇ ਸਲੀਪਰ ਬਰਥ ਦੀ ਵਰਤੋਂ ਕੀਤੀ ਜਾਂਦੀ ਹੈ
  - "Driving" ਜਾਂ "D"
  - "On-duty not driving" ਜਾਂ "ON"

- ਫੁਟਕਲ ਡੇਟਾ। (1) ਡ੍ਰਾਈਵਰ ਨੂੰ ਲਾਜ਼ਮੀ ਤੌਰ 'ਤੇ ELD ਵਿੱਚ ਅੱਗੇ ਦਿੱਤੀ ਜਾਣਕਾਰੀ ਹੱਥੀਂ ਪਾਉਣੀ ਚਾਹੀਦੀ ਹੈ:
  - ਟਿੱਪਣੀਆਂ, ਜਦੋਂ ਲਾਗੂ ਹੁੰਦਾ ਹੋਵੇ;
  - ਡ੍ਰਾਈਵਰ ਦੇ ਟਿਕਾਣੇ ਦਾ ਵਿਵਰਨ, ਜਦੋਂ ELD ਵੱਲੋਂ ਨਿਰਦੇਸ਼ ਦਿੱਤਾ ਜਾਂਦਾ ਹੈ; ਅਤੇ
  - ਆਊਟਪੁੱਟ ਫਾਇਲ ਟਿੱਪਣੀ, ਜਦੋਂ ਅਧਿਕਾਰਤ ਸੁਰੱਖਿਆ ਅਧਿਕਾਰ ਵੱਲੋਂ ਨਿਰਦੇਸ਼ ਦਿੱਤਾ ਜਾਂਦਾ ਹੈ।

- ਡ੍ਰਾਈਵਰ ਨੂੰ ਲਾਜ਼ਮੀ ਤੌਰ 'ਤੇ ਅੱਗੇ ਦਿੱਤੀ ਜਾਣਕਾਰੀ ਨੂੰ ELD 'ਤੇ ਹੱਥੀਂ ਪਾਉਣਾ ਚਾਹੀਦਾ ਹੈ ਜਾਂ ਇਸ ਨੂੰ ਪ੍ਰਮਾਣਤ ਕਰਨਾ ਚਾਹੀਦਾ ਹੈ:
  - ਕਮਰਸ਼ੀਅਲ ਮੋਟਰ ਵਾਹਨ ਪਾਵਰ ਯੂਨਿਟ ਨੰਬਰ;
  - ਟ੍ਰੇਲਰ ਨੰਬਰ, ਜੇ ਲਾਗੂ ਹੋਵੇ; ਅਤੇ
  - ਸ਼ਿਪਿੰਗ ਦਸਤਾਵੇਜ਼ ਨੰਬਰ, ਜੇ ਲਾਗੂ ਹੋਵੇ।

- ਅਧਿਕਾਰਤ ਸੁਰੱਖਿਆ ਅਧਿਕਾਰੀ ਵੱਲੋਂ ਬੇਨਤੀ ਕੀਤੇ ਜਾਣ 'ਤੇ, ਡ੍ਰਾਈਵਰ ਨੂੰ ਲਾਜ਼ਮੀ ਤੌਰ 'ਤੇ ਮੋਟਰ ਕੈਰੀਅਰ ਵੱਲੋਂ ਮੁਹੱਈਆ ਹਦਾਇਤ ਸ਼ੀਟ ਮੁਤਾਬਕ ELD ਤੋਂ ਡ੍ਰਾਈਵਰ ਦੇ ਸੇਵਾ ਦੇ ਘੰਟਿਆਂ ਦੇ ਰਿਕਾਰਡਾਂ ਨੂੰ ਪੇਸ਼ ਕਰਨਾ ਚਾਹੀਦਾ ਹੈ ਅਤੇ ਟ੍ਰਾਂਸਫਰ ਕਰਨਾ ਚਾਹੀਦਾ ਹੈ।

- ਜਦੋਂ ਡ੍ਰਾਈਵਰ ELD ਲਈ ਲੌਗ-ਇਨ ਕਰਦਾ ਹੈ, ਤਾਂ ਡ੍ਰਾਈਵਰ ਨੂੰ ELD ਵੱਲੋਂ ਨਿਰਦੇਸ਼ ਦਿੱਤੇ ਜਾਣ ਸਮੇਂ ਕਿਸੇ ਵੀ ਅਨਿਸ਼ਚਿਤ ਡ੍ਰਾਈਵਿੰਗ ਸਮੇਂ ਦੀ ਲਾਜ਼ਮੀ ਤੌਰ 'ਤੇ ਸਮੀਖਿਆ ਕਰਨੀ ਚਾਹੀਦੀ ਹੈ ਅਤੇ:
  - ਕਿਸੇ ਵੀ ਰਿਕਾਰਡਾਂ ਨੂੰ ਲੈ ਲੈਣਾ ਚਾਹੀਦਾ ਹੈ ਜੋ ਡ੍ਰਾਈਵਰ ਦੇ ਖਾਤੇ ਤਹਿਤ ਡ੍ਰਾਈਵਰ ਨਾਲ ਸਬੰਧਤ ਹੁੰਦੇ ਹਨ; ਜਾਂ
  - ਇਸ ਬਾਰੇ ਦੱਸਣਾ ਚਾਹੀਦਾ ਹੈ ਕਿ ਰਿਕਾਰਡ ਡ੍ਰਾਈਵਰ ਨਾਲ ਸਬੰਧਤ ਨਹੀਂ ਹਨ।

**(ਜ਼ਿਆਦਾ ਜਾਣਕਾਰੀ ਲੈਣ ਲਈ ਦੇਖੋ - ਡ੍ਰਾਈਵਰਾਂ ਦੇ ਸੇਵਾ ਦੇ ਘੰਟੇ: §395.32 ਗੈਰ-ਪ੍ਰਮਾਣਕ ਡ੍ਰਾਈਵਰ ਲੌਗ)**


Stoneridge EZ-ELD® ਸਬੰਧੀ ਕਿਸੇ ਵੀ ਪ੍ਰਸ਼ਨਾਂ ਲਈ ਗਾਹਕ ਸਹਾਇਤਾ ਨਾਲ ਇੱਥੇ ਸੰਪਰਕ ਕਰੋ:

ਟੈਲੀਫ਼ੋਨ: +1 (833) 994-3953
ਈਮੇਲ: eldsupport@stoneridge.com


ਵਿਕਲਪਕ ਤੌਰ 'ਤੇ ਇਸ ਵੈੱਬਸਾਈਟ ਤੇ ਸਮਰਥਨ ਅਤੇ ਸਿਖਲਾਈ ਭਾਗ ਦੇਖੋ: www.EZ-ELD.com.

151419000 – Rev.1

Stoneridge | EZ-ELD®
Keep it simple

# EZ-ELD ਨਾਲ ਇਸ ਨੂੰ ਆਸਾਨ ਬਣਾਓ

## ਇਲੈਕਟ੍ਰਾਨਿਕ ਲੌਗਿੰਗ ਉਪਕਰਨ




# ਜਲਦ ਗਾਈਡ